ਵੱਲੋਂ

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ.1,
ਜਲੰਧਰ।

ਸੇਵਾ ਵਿਖੇ,

ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਹਲਕਾ,
ਜਲੰਧਰ।

ਨੰ. 1950 ਮਿਤੀ: 2/6/18

ਵਿਸ਼ਾ:- **ਕੁਆਲਟੀ ਕੰਟਰੋਲ ਟੀਮ ਵਲੋਂ ਮਿਤੀ:5.4.2017 ਅਤੇ 6.4.2017 ਨੂੰ ਹੁਸ਼ਿਆਰਪੁਰ ਅਤੇ ਜਲੰਧਰ ਮੰਡਲ ਨੰ.1, ਜਲੰਧਰ ਅਧੀਨ ਆਉਂਦੇ ਵੱਖ-ਵੱਖ ਕੰਮਾਂ ਦੀ ਚੈਕਿੰਗ ਕਰਨ ਸਬੰਧੀ।**

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰ.6242 ਮਿਤੀ:6.11.2017

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕੁਆਲਟੀ ਕੰਟਰੋਲ ਟੀਮ ਵਲੋਂ ਮਿਤੀ:5.4.2017 ਅਤੇ 6.4.2017 ਨੂੰ ਮੰਡਲ ਦਫਤਰ ਅਧੀਨ ਆਉਂਦੇ ਵੱਖ-ਵੱਖ ਕੰਮਾਂ ਦੀ ਕੀਤੀ ਗਈ ਇੰਨਸਪੈਕਸ਼ਨ ਦੌਰਾਨ ਕੰਮਾਂ ਵਿੱਚ ਜੋ ਖਾਮੀਆਂ/ ਤਰੁੱਟੀਆਂ ਪਾਈਆ ਗਈਆਂ ਸਨ, ਉਨ੍ਹਾਂ ਨੂੰ ਦੂਰ ਕਰਨ ਉਪਰੰਤ ਜੁਆਬ ਪੁਆਇੰਟ-ਵਾਈਜ਼ ਹੇਠ ਲਿਖੇ ਅਨੁਸਾਰ ਹੈ ਜੀ:-

**E) Prov. W/S & Sewe. Sch. Adampur**
**(Agency:- M/s Saini Const., Abohar)**

1. ਇਸ ਕੰਮ ਦੇ ਸਕੋਪ ਵਿੱਚ 200mm ਦੇ ਸੀਵਰ ਦੀ ਰਿਵਾਇਜ਼ਡ ਡਿਜ਼ਾਇਨ ਸਟੇਟਮੈਂਟ ਮੁੱਖ ਦਫਤਰ ਵਲੋਂ ਨੰ:47 ਮਿਤੀ:2.1.2017 ਰਾਹੀਂ ਮੰਨਜੂਰ ਕੀਤੀ ਗਈ ਸੀ।
2. ਮੌਕੇ ਉੱਪਰ ਰਿਜੈਕਟ ਕੀਤੇ ਗਏ ਪਾਈਪ ਚੁੱਕਵਾ ਦਿੱਤੇ ਗਏ ਹਨ ਜੀ।
3. ਮੈਨਹੋਲ ਦੀ ਬੈਂਚਿੰਗ ਤੁੜਵਾ ਕੇ ਠੀਕ ਕਰਵਾ ਦਿੱਤੀ ਗਈ ਹੈ ਅਤੇ SW ਪਾਈਪ ਕੱਟਵਾ ਦਿੱਤੀ ਗਈ ਹੈ ਜੀ।
4. ਮੈਨਹੋਲ ਦੇ ਢੱਕਣ ਚੇਂਜ ਕਰਵਾ ਦਿੱਤੇ ਗਏ ਹਨ ਜੀ।
5. ਮੈਨਹੋਲ ਦੀ ਵਰਕਮੈਨਸ਼ਿਪ ਠੀਕ ਕਰਵਾ ਕੇ ਪਲੱਸਤਰ ਵੀ ਠੀਕ ਕਰਵਾ ਦਿੱਤਾ ਗਿਆ ਹੈ ਜੀ।
6. ਸਾਰੇ 33 ਨੰਬਰ sluice valves ਅਤੇ 5 ਨੰਬਰ ਫਾਇਰ ਹਾਈਡਰੈਂਟ ਦੀਆਂ ਹੋਦੀਆਂ ਬਣਾ ਦਿੱਤੀਆਂ ਗਈਆਂ ਹਨ।ਇਹ ਕੰਮ ਸ਼੍ਰੀ ਨੇਮ ਕੁਮਾਰ ਠੇਕੇਦਾਰ ਵਲੋਂ ਕੀਤਾ ਜਾ ਰਿਹਾ ਸੀ, ਜੋ ਕਿ ਮੁਕੰਮਲ ਹੋ ਚੁੱਕਾ ਹੈ ਜੀ।
7. ਹਦਾਇਤਾਂ ਨੂੰ ਨੋਟ ਕਰ ਲਿਆ ਗਿਆ ਹੈ ਅਤੇ ਇਨ੍ਹਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ ਜੀ।
8. CTM ਦੀ ਕੈਲੀਬਰੇਸ਼ਨ ਰਿਪੋਰਟ ਨਾਲ ਨੱਥੀ ਕੀਤੀ ਜਾਂਦੀ ਹੈ ਜੀ।
9. ਜੋ ਰਿਜੈਕਟਡ ਲੋਟ ਸੀ, ਚੁੱਕਵਾ ਦਿੱਤਾ ਗਿਆ ਸੀ ਅਤੇ ਮੌਕੇ 'ਤੇ ਕੁਆਲਟੀ ਕੰਟਰੋਲ ਟੀਮ ਨੂੰ ਇਸ ਬਾਰੇ ਦੱਸਿਆ ਗਿਆ ਸੀ ਜੀ।

(ਚੱਲਦਾ ਪੇਜ਼-2)

**F) Prov. W/S & Sewe. Sch. Alawalpur**
**(Agency:- M/s Natha Singh Contractors)**

1. ਪੰਪ ਚੈਂਬਰ ਦੀ ਅਰਥਿੰਗ ਪਿੱਟ ਰਿਪੇਅਰ ਕਰਵਾ ਦਿੱਤੀ ਗਈ ਹੈ ਜੀ।
2. ਟਿਊਬਵੈਲ ਦੀ ਰੂਫ ਓਪਨਿੰਗ ਦੀ ਰਿਪੇਅਰ ਕਰਵਾ ਦਿੱਤੀ ਗਈ ਹੈ ਜੀ।
3. ਪੀ.ਵੀ.ਸੀ. ਪਾਈਪ 'ਤੇ ਕਲੈਂਪ ਲਗਾ ਕੇ ਦੀਵਾਰ ਨਾਲ ਜੁਆਇੰਟ ਕਰ ਦਿੱਤਾ ਗਿਆ ਹੈ ਜੀ।
4. ਟਿਊਬਵੈਲ ਦੇ ਬਾਹਰ ਨਾਮ ਅਤੇ ਪਤਾ ਲਿਖਵਾ ਦਿੱਤਾ ਗਿਆ ਹੈ ਜੀ।

**G) Prov. Sewe. Sch. at NRCP Jalandhar.**
**(Agency:- M/s Gupta Sons)**

1. ਏਜੰਸੀ ਨੂੰ ਸਖਤ ਹਦਾਇਤ ਕਰ ਦਿੱਤੀ ਗਈ ਹੈ ਕਿ ਬੱਕਟ ਵਾਲਾ ਮਿਕਸਚਰ ਮੌਕੇ 'ਤੇ ਆਉਣ ਤੋਂ ਬਾਅਦ ਹੀ ਕੰਮ ਚਾਲੂ ਕਰਵਾਇਆ ਜਾਵੇ।
2. ਮੈਨਹੋਲ ਦੇ ਨੇੜੇ ਜੋ ਇੱਟਾਂ ਕਰੈਕ ਸਨ, ਟੇਡੀਆਂ ਸਨ, ਜਿਨ੍ਹਾਂ ਦੇ ਕਿਨਾਰੇ ਭੁਰੇ ਹੋਏ ਸਨ ਅਤੇ first quality ਦੀਆਂ ਨਹੀਂ ਸਨ, ਉਹ ਰਿਜੈਕਟ ਕਰਨ ਉਪਰੰਤ ਮੌਕੇ ਤੋਂ ਚੁਕਵਾ ਦਿੱਤੀਆਂ ਗਈਆਂ ਹਨ ਜੀ।
3. ਮੈਨਹੋਲ ਦੀ ਬੈਂਚਿੰਗ ਠੀਕ ਕਰਵਾ ਦਿੱਤੀ ਗਈ ਹੈ ਜੀ।
4. ਮੁੱਖ ਦਫਤਰ ਵਲੋਂ ਜਾਰੀ ਹਦਾਇਤਾਂ ਮੁਤਾਬਿਕ ਸਪੇਅਰ ਕਿਊਬ ਲੈਬ ਵਿੱਚ ਪਏ ਹੋਏ ਹਨ ਜੀ।
5. 20 ਨੰਬਰ ਵੈਂਟ ਸ਼ਾਫਟਾਂ ਮੌਕੇ 'ਤੇ ਲਗਾ ਦਿੱਤੀਆਂ ਗਈਆਂ ਹਨ ਅਤੇ ਕੰਮ ਮੁਕੰਮਲ ਹੋ ਚੁੱਕਾ ਹੈ ਜੀ।

**H) Prov. Sewe. Sch. Jalandhar NRCP Phase-II.**
**(Agency:- M/s Ludhiana Const. Co.)**

1. ਜੋ 50 ਨੰਬਰ ਪਾਈਪਾਂ ਠੀਕ ਨਹੀਂ ਸਨ, ਮੌਕੇ ਤੋਂ ਰਿਜੈਕਟ ਕਰਨ ਉਪਰੰਤ ਵਾਪਸ ਭੇਜ ਦਿੱਤੀਆਂ ਗਈਆਂ ਹਨ ਜੀ।
2. ਰੇਲਵੇ ਲਾਈਨ ਦੇ ਨਾਲ ਬਣ ਰਹੇ ਮੈਨਹੋਲਾਂ ਦੀ ਬੈਂਚਿੰਗ ਠੀਕ ਕਰਵਾ ਦਿੱਤੀ ਗਈ ਹੈ ਜੀ।
3. ਹੁੰਡ ਪੈਲੇਸ ਦੇ ਨੇੜੇ ਮੈਨਹੋਲ ਦਾ ਬਰਿੱਕ ਵਰਕ ਤੋੜ ਕੇ ਦੁਬਾਰਾ ਠੀਕ ਕਰਵਾਇਆ ਗਿਆ ਹੈ ਅਤੇ ਜੁਆਇੰਟ ਪੂਰੀ ਤਰ੍ਹਾਂ ਭਰਵਾ ਦਿੱਤੇ ਗਏ ਹਨ ਜੀ।
4. ਮੈਨਹੋਲ ਦੇ ਮੂੰਹ ਦੀ finishing ਕਰਵਾ ਦਿੱਤੀ ਗਈ ਹੈ ਅਤੇ ਜੋ ਪਾਈਪਾਂ ਕੱਟਣ ਵਾਲੀਆਂ ਰਹਿੰਦੀਆਂ ਸਨ, ਉਹ ਕੱਟ ਦਿੱਤੀਆਂ ਗਈਆਂ ਹਨ ਜੀ।

ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਹੈ ਜੀ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ.1,
ਜਲੰਧਰ।
21/6/18